Punjabi

# ਆਪਣੇ COVID-19 ਟੈਸਟਿੰਗ (ਜਾਂਚ) ਦਾ ਰਿਕਾਰਡ ਕਿਵੇਂ ਪ੍ਰਾਪਤ ਕਰਨਾ ਹੈ

ਤਿੰਨ ਤਰੀਕੇ ਹਨ ਜਿਨ੍ਹਾਂ ਦੁਆਰਾ ਤੁਸੀਂ ਆਪਣੇ COVID-19 ਟੈਸਟ ਦੇ ਨਤੀਜੇ ਪ੍ਰਾਪਤ ਕਰ ਸਕਦੇ ਹੋ:

1. ਇੱਕ ਵਿਲੱਖਣ QR ਕੋਡ ਦੁਆਰਾ
2. ਨਤੀਜਿਆਂ ਦੇ ਪੋਰਟਲ ਦੁਆਰਾ
3. ਤੁਹਾਡੇ ਮੋਬਾਈਲ ਫ਼ੋਨ 'ਤੇ ਭੇਜੇ ਗਏ ਇੱਕ SMS ਸੰਦੇਸ਼ ਰਾਹੀਂ

**ਤੁਹਾਡੇ ਟੈਸਟ ਤੋਂ ਬਾਅਦ, ਤੁਹਾਨੂੰ ਆਪਣੇ ਨਤੀਜੇ ਪ੍ਰਾਪਤ ਹੋਣ ਆਪਣੇ ਆਪ ਨੂੰ ਵੱਖਰਾ ਰੱਖਣ ਦੀ ਲੋੜ ਪਵੇਗੀ।**

- ਸਿੱਧੇ ਘਰ ਜਾਓ ਅਤੇ ਆਪਣੇ ਆਪ ਨੂੰ ਵੱਖਰਾ ਕਰ ਲਓ ਜਦੋਂ ਤੱਕ ਨਿਊ ਸਾਊਥ ਵੇਲਜ਼ ਹੈਲਥ ਦੁਆਰਾ ਹਿਦਾਇਤ ਨਹੀਂ ਦਿੱਤੀ ਜਾਂਦੀ।
- ਜਦੋਂ ਤੱਕ ਤੁਸੀਂ ਆਪਣਾ ਨਤੀਜਾ ਪ੍ਰਾਪਤ ਨਹੀਂ ਕਰ ਲੈਂਦੇ ਉਦੋਂ ਤੱਕ ਘਰ ਵਿੱਚ ਰਹੋ, ਭਾਵੇਂ ਤੁਸੀਂ ਬਿਮਾਰ ਮਹਿਸੂਸ ਨਹੀਂ ਵੀ ਕਰ ਰਹੇ।
- ਜ਼ਿਆਦਾਤਰ ਲੋਕ 24 ਘੰਟਿਆਂ ਦੇ ਅੰਦਰ ਆਪਣੇ ਨਤੀਜੇ ਪ੍ਰਾਪਤ ਕਰ ਲੈਂਦੇ ਹਨ।

**ਵਿਕਲਪ 1: ਵਿਲੱਖਣਾ QR ਕੋਡ**

ਜੇ ਤੁਹਾਨੂੰ ਟੈਸਟ ਕੀਤੇ ਜਾਣ ਵੇਲੇ ਇੱਕ ਫਲਾਇਰ (ਕਿਤਾਬਚਾ) ਦਿੱਤਾ ਗਿਆ ਸੀ ਜਿਸ ਵਿੱਚ ਇੱਕ ਵਿਅਕਤੀਗਤ QR ਕੋਡ ਸੀ (ਜਿਸ ਦੇ ਹੇਠਾਂ ਤੁਹਾਡਾ ਨਾਮ ਅਤੇ ਜਨਮ ਮਿਤੀ ਸੀ), ਤਾਂ ਕਿਰਪਾ ਕਰਕੇ ਆਪਣੇ ਮੋਬਾਈਲ ਫ਼ੋਨ ਕੈਮਰੇ ਨਾਲ ਉਸ QR ਕੋਡ ਨੂੰ ਸਕੈਨ ਕਰੋ ਅਤੇ Send ਦਬਾਉ।

ਇਸ QR ਕੋਡ ਵਿੱਚ ਤੁਹਾਡੇ ਨਿੱਜੀ ਵੇਰਵੇ ਸ਼ਾਮਲ ਹਨ। ਇਹ ਕਿਸੇ ਹੋਰ ਦੁਆਰਾ ਨਹੀਂ ਵਰਤਿਆ ਜਾ ਸਕਦਾ।

**ਵਿਕਲਪ 2: ਨਤੀਜਿਆਂ ਦਾ ਔਨਲਾਈਨ ਪੋਰਟਲ**

- https://my.pathology.health.nsw.gov.au ਵੈੱਬਸਾਈਟ 'ਤੇ ਜਾਓ
- ਤੁਹਾਨੂੰ ਆਪਣਾ ਮੋਬਾਈਲ ਫ਼ੋਨ ਨੰਬਰ ਦਰਜ ਕਰਨ ਲਈ ਕਿਹਾ ਜਾਵੇਗਾ ਇਸ ਤੋਂ ਬਾਅਦ ਨੀਲੇ ਬਟਨ 'ਤੇ ਕਲਿੱਕ ਕਰੋ। ਨੋਟ ਕਰੋ ਕਿ ਦੇਸ਼ ਦਾ ਕੋਡ 61 ਲਿਖਿਆ ਹੋਵੇ, ਜੋ ਕੀ ਆਸਟ੍ਰੇਲੀਆ ਦਾ ਕੋਡ ਹੈ। ਜੇਕਰ ਤੁਸੀਂ ਕੋਈ ਅੰਤਰਰਾਸ਼ਟਰੀ ਫ਼ੋਨ ਵਰਤ ਰਹੇ ਹੋ , ਤਾਂ ਤੁਹਾਨੂੰ ਦੇਸ਼ ਦੇ ਕੋਡ ਨੂੰ 61 ਤੋਂ ਬਦਲ ਕੇ ਉਸ ਦੇਸ਼ ਦੇ ਕੋਡ ਦੀ ਲੋੜ ਹੋਵੇਗੀ ਜਿਹੜਾ ਤੁਹਾਡਾ ਫ਼ੋਨ ਵਰਤ ਰਿਹਾ ਹੈ।
- ਤੁਹਾਨੂੰ ਤੁਹਾਡੇ ਮੋਬਾਈਲ ਫ਼ੋਨ 'ਤੇ ਇੱਕ ਕੋਡ ਭੇਜਿਆ ਜਾਵੇਗਾ। ਇਸ ਕੋਡ ਨੂੰ ਵੈੱਬਸਾਈਟ 'ਤੇ ਲਿਖੋ ਜਿੱਥੇ 'Passcode' ('ਪਾਸਕੋਡ') ਲਿਖਿਆ ਹੈ ਇਸ ਤੋਂ ਬਾਅਦ ਨੀਲੇ ਬਟਨ 'ਤੇ ਕਲਿੱਕ ਕਰੋ।

ਨੋਟ: ਜੇਕਰ ਔਨਲਾਈਨ ਨਤੀਜੇ ਪੋਰਟਲ 'ਤੇ ਤੁਸੀਂ ਪਹਿਲੀ ਵਾਰ ਗਏ ਹੋ, ਤਾਂ ਤੁਹਾਨੂੰ ਕੁਝ ਵਾਧੂ ਜਾਣਕਾਰੀ ਦਰਜ ਕਰਨ ਦੀ ਲੋੜ ਹੋਵੇਗੀ।

- 'ਨਤੀਜੇ ਦੇਖੋ' 'ਤੇ ਕਲਿੱਕ ਕਰੋ ਅਤੇ ਤੁਹਾਨੂੰ ਪਾਉਣਾ ਪਵੇਗਾ:
  - ਤੁਹਾਡਾ ਪਹਿਲਾ ਨਾਮ
  - ਤੁਹਾਡਾ ਆਖਰੀ ਨਾਮ
  - ਤੁਹਾਡੀ ਜਨਮ ਮਿਤੀ
  - ਤੁਹਾਡੇ ਘਰ ਦਾ ਪੋਸਟਕੋਡ
  - ਤੁਹਾਡਾ ਲਿੰਗ - ਉਦਾਹਰਨ ਲਈ, ਮਰਦ ਜਾਂ ਔਰਤ ਜਾਂ ਹੋਰ
  - ਇਕੱਠਾ ਕੀਤੇ ਜਾਣ ਦੀ ਮਿਤੀ - ਇਹ ਉਹ ਤਾਰੀਖ ਹੈ ਜਦੋਂ ਤੁਸੀਂ ਆਪਣਾ ਟੈਸਟ ਕਰਵਾਇਆ ਸੀ
  - ਜੇਕਰ ਤੁਹਾਡੇ ਕੋਲ ਹੋਵੇ, ਤਾਂ ਤੁਹਾਡਾ ਮੈਡੀਕੇਅਰ ਨੰਬਰ। ਜੇਕਰ ਤੁਹਾਡੇ ਕੋਲ ਇੱਕ ਨਹੀਂ ਹੈ ਤਾਂ ਇਸਨੂੰ ਖਾਲੀ ਛੱਡ ਦਿਓ।

- ਸਿਖਰ 'ਤੇ ਬਣੇ ਨੀਲੇ ਬਟਨ 'ਤੇ ਕਲਿੱਕ ਕਰੋ, ਜੋ ਕਹਿੰਦਾ ਹੈ, 'Select collection centre' ('ਸੰਗ੍ਰਹਿ ਕੇਂਦਰ ਚੁਣੋ') ਅਤੇ ਉਸ ਸਥਾਨ ਦੀ ਭਾਲ ਕਰੋ ਜਿੱਥੇ ਤੁਸੀਂ ਆਪਣਾ COVID-19 ਟੈਸਟ ਕਰਵਾਇਆ ਸੀ। ਨਿਊ ਸਾਊਥ ਵੇਲਜ਼ ਹੈਲਥ ਦੁਆਰਾ ਚਲਾਏ ਜਾਣ ਵਾਲੇ ਕੇਂਦਰਾਂ ਦੇ ਨਾਲ-ਨਾਲ ਅਜਿਹੇ ਕੇਂਦਰ ਵੀ ਹਨ ਜੋ ਸੁਤੰਤਰ ਹਨ। ਜੇਕਰ ਤੁਸੀਂ

ਅਜਿਹੀ ਜਗ੍ਹਾ ਚੁਣਦੇ ਹੋ ਜੋ ਨਿਊ ਸਾਊਥ ਵੇਲਜ਼ ਹੈਲਥ ਪੈਥੋਲੋਜੀ ਦੁਆਰਾ ਨਹੀਂ ਚਲਾਈ ਜਾਂਦੀ, ਤਾਂ ਇਹ ਵੈੱਬਸਾਈਟ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਵੇਗੀ ਕਿ ਆਪਣੇ ਨਤੀਜਿਆਂ ਲਈ ਕਲੀਨਿਕ ਨਾਲ ਕਿਵੇਂ ਸੰਪਰਕ ਕਰਨਾ ਹੈ।

- ਆਪਣਾ ਨਤੀਜਾ ਦੇਖਣ ਲਈ, 'View Results' ('ਨਤੀਜੇ ਵੇਖੋ') 'ਤੇ ਕਲਿੱਕ ਕਰੋ।
- ਤੁਹਾਨੂੰ ਆਪਣਾ ਪਹਿਲਾ ਨਾਮ ਅਤੇ ਜਨਮ ਮਿਤੀ ਨੂੰ DDMMYYYY ਦੇ ਰੂਪ ਵਿੱਚ ਟਾਈਪ ਕਰਨ ਲਈ ਕਿਹਾ ਜਾਵੇਗਾ, ਉਦਾਹਰਨ ਲਈ, 01051971
- ਤੁਸੀਂ ਆਪਣੇ COVID ਟੈਸਟ ਦੇ ਨਤੀਜੇ ਦੀ ਕਾਪੀ ਪ੍ਰਾਪਤ ਅਤੇ ਉਸ ਨੂੰ ਡਾਊਨਲੋਡ ਕਰਨ ਦੇ ਯੋਗ ਹੋਵੋਗੇ।

**ਵਿਕਲਪ 3: SMS ਪ੍ਰਾਪਤ ਕਰੋ**

ਜੇਕਰ ਤੁਸੀਂ ਔਨਲਾਈਨ ਨਤੀਜੇ ਪੋਰਟਲ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਹੋ, ਤਾਂ ਤੁਸੀਂ ਆਪਣੇ ਮੋਬਾਈਲ ਫੋਨ 'ਤੇ SMS ਰਾਹੀਂ ਆਪਣਾ ਨਤੀਜਾ ਪ੍ਰਾਪਤ ਕਰ ਸਕਦੇ ਹੋ।

- 0480 050 030 'ਤੇ 'my result' ਦਾ ਟੈਕਸਟ ਸੁਨੇਹਾ ਲਿਖ ਕੇ ਭੇਜੋ
- ਪੁੱਛੇ ਜਾਣ 'ਤੇ, ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਨੂੰ SMS ਕਰੋ:
  - ਤੁਹਾਡਾ ਆਖਰੀ ਨਾਮ।
  - ਸਿਰਫ਼ ਨੰਬਰਾਂ ਦੀ ਵਰਤੋਂ ਕਰਦੇ ਹੋਏ ਤੁਹਾਡੀ ਜਨਮ ਮਿਤੀ - DDMMYYYY ਉਦਾਹਰਨ ਲਈ, 01012000
  - ਜੇਕਰ ਤੁਸੀਂ ਕਿਸੇ ਬੱਚੇ ਲਈ ਰਜਿਸਟਰ ਕਰ ਰਹੇ ਹੋ, ਤਾਂ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਮਾਤਾ ਜਾਂ ਪਿਤਾ ਜਾਂ ਸਰਪ੍ਰਸਤ ਹੋ ਅਤੇ ਬੱਚੇ ਦੀ ਸਿਹਤ ਸੰਭਾਲ ਦੇ ਫੈਸਲੇ ਲੈਣ ਦੇ ਯੋਗ ਹੋ। ਪੁਸ਼ਟੀ ਕਰਨ Yes ਦਾ ਟੈਕਸਟ ਸੁਨੇਹਾ ਭੇਜੋ।
  - ਤੁਹਾਡਾ ਲਿੰਗ ਪੁਰਸ਼ ਲਈ M, ਔਰਤ ਲਈ F ਜਾਂ ਹੋਰਾਂ ਲਈ O
  - ਤੁਹਾਡਾ ਪੋਸਟਕੋਡ, (ਉਦਾਹਰਨ ਲਈ 2114)
  - ਕਿਸ ਮਿਤੀ ਨੂੰ ਤੁਸੀਂ ਆਪਣਾ COVID-19 ਟੈਸਟ ਕਰਵਾਇਆ ਸੀ ਇਸ ਨੂੰ DDMMYYYY ਰੂਪ ਵਿੱਚ ਲਿਖੋ, ਉਦਾਹਰਨ ਲਈ, 01052021
- ਆਪਣੇ ਵੇਰਵਿਆਂ ਦੀ ਜਾਂਚ ਕਰੋ ਅਤੇ ਜੇ ਉਹ ਸਹੀ ਹਨ ਤਾਂ Yes ਸ਼ਬਦ ਟਾਈਪ ਕਰੋ । ਜੇ ਤੁਹਾਡੇ ਤੋਂ ਕੋਈ ਗਲਤੀ ਹੋ ਗਈ ਹੈ, ਤਾਂ ਦੁਬਾਰਾ ਸ਼ੁਰੂ ਕਰਨ ਲਈ No ਟਾਈਪ ਕਰੋ।
- ਜਦੋਂ ਤੁਸੀਂ ਪੂਰਾ ਕਰ ਲੈਂਦੇ ਹੋ ਤਾਂ ਤੁਹਾਨੂੰ ਇੱਕ ਸੁਨੇਹਾ ਮਿਲੇਗਾ ਜੋ ਕਹਿੰਦਾ ਹੈ, *'Your registration has been* received **(*'ਤੁਹਾਡੀ ਰਜਿਸਟ੍ਰੇਸ਼ਨ* ਪ੍ਰਾਪਤ ਕਰ ਲਿੱਤੀ ਗਈ ਹੈ'**)।
- ਤੁਹਾਨੂੰ ਇੱਕ ਪਾਸਕੋਡ ਵੀ ਮਿਲੇਗਾ ਜੋ ਤੁਹਾਨੂੰ ਆਪਣਾ ਨਤੀਜਾ ਪ੍ਰਾਪਤ ਕਰਨ ਲਈ ਟਾਈਪ ਕਰਨਾ ਹੋਵੇਗਾ।
- ਜਦੋਂ ਤੁਹਾਡਾ ਨਤੀਜਾ ਤਿਆਰ ਹੋ ਜਾਵੇਗਾ ਤਾਂ ਤੁਹਾਨੂੰ ਇੱਕ SMS ਸੁਨੇਹਾ ਮਿਲੇਗਾ ਜੋ ਤੁਹਾਨੂੰ 'Ready' ਸ਼ਬਦ ਅਤੇ ਤੁਹਾਡਾ ਪਾਸਕੋਡ ਟਾਈਪ ਕਰਨ ਲਈ ਕਹੇਗਾ।
- ਨਤੀਜਾ ਫਿਰ ਤੁਹਾਡੇ ਫ਼ੋਨ 'ਤੇ ਆ ਜਾਵੇਗਾ

**ਕੀ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ?**

ਜੇਕਰ ਤੁਹਾਨੂੰ ਆਪਣਾ ਨਤੀਜਾ ਪ੍ਰਾਪਤ ਕਰਨ ਵਿੱਚ ਸਮੱਸਿਆਵਾਂ ਆ ਰਹੀਆਂ ਹਨ ਅਤੇ 48 ਘੰਟਿਆਂ ਤੋਂ ਵੱਧ ਸਮਾਂ ਹੋ ਗਿਆ ਹੈ, ਤਾਂ ਤੁਸੀਂ ਸਾਡੀ ਵੈੱਬਸਾਈਟ ਰਾਹੀਂ ਇਸ ਬਾਰੇ ਪਤਾ ਕਰ ਸਕਦੇ ਹੋ https://www.pathology.health.nsw.gov.au/covid-19-info/covid-19-results-direct

**ਕੀ ਹੁੰਦਾ ਹੈ ਜੇ ਮੇਰੇ ਟੈਸਟ ਦੇ ਨਤੀਜੇ ਦਿਖਾਉਂਦੇ ਹਨ ਕਿ ਮੈਨੂੰ COVID-19 ਹੈ?**

ਜੇ ਤੁਹਾਡਾ ਟੈਸਟ ਦਿਖਾਉਂਦਾ ਹੈ ਕਿ ਤੁਹਾਨੂੰ COVID-19 ਹੈ, ਅਤੇ ਤੁਸੀਂ ਇਨ੍ਹਾਂ ਵਿਕਲਪਾਂ ਵਿੱਚੋਂ ਕਿਸੇ ਇੱਕ ਰਾਹੀਂ ਆਪਣਾ ਨਤੀਜਾ ਪ੍ਰਾਪਤ ਕਰਨ ਲਈ ਰਜਿਸਟਰ ਕੀਤਾ ਹੈ, ਤਾਂ ਤੁਹਾਨੂੰ ਇੱਕ SMS ਪ੍ਰਾਪਤ ਹੋਵੇਗਾ ਜਿਸ ਵਿੱਚ ਤੁਹਾਨੂੰ ਦੱਸਿਆ ਜਾਵੇਗਾ ਕਿ ਤੁਹਾਡਾ ਨਤੀਜਾ, ਨਤੀਜਾ ਪੋਰਟਲ ਰਾਹੀਂ ਉਪਲਬਧ ਹੈ, ਨਾਲ ਹੀ ਸੈਲਫ਼-ਆਈਸੋਲੇਟਿੰਗ (ਆਪਣੇ ਆਪ ਨੂੰ ਵੱਖਰਾ) ਕਰਨ ਬਾਰੇ ਹੋਰ ਜਾਣਕਾਰੀ ਵੀ ਹੋਵੇਗੀ।

ਤੁਹਾਡੀ ਸਥਾਨਕ ਪਬਲਿਕ ਹੈਲਥ ਟੀਮ ਦੇ ਸਟਾਫ ਦੁਆਰਾ ਵੀ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।

**ਗੋਪਨੀਯਤਾ ਸੰਗ੍ਰਹਿ ਨੋਟਿਸ:** NSW ਹੈਲਥ ਪੈਥੋਲੋਜੀ ਮਰੀਜ਼ਾਂ ਨੂੰ ਉਨ੍ਹਾਂ ਦੇ COVID-19 ਟੈਸਟ ਦੇ ਨਤੀਜਿਆਂ ਬਾਰੇ ਸੂਚਿਤ ਕਰਨ ਦੇ ਉਦੇਸ਼ਾਂ ਨਾਲ ਜਾਣਕਾਰੀ ਇਕੱਠੀ ਕਰਦੀ ਹੈ। ਇਹ ਜਾਣਕਾਰੀ ਆਮ ਤੌਰ 'ਤੇ ਨਿਊ ਸਾਊਥ ਵੇਲਜ਼ ਹੈਲਥ ਦੇ ਅੰਦਰ ਵਰਤੀ ਜਾਏਗੀ ਪਰ ਇਸ ਦਾ ਖੁਲਾਸਾ, ਮਰੀਜ਼ਾਂ ਦੇ ਨਤੀਜਿਆਂ ਦੀ ਸੂਚਨਾ ਦੇ ਉਦੇਸ਼ਾਂ ਲਈ ServiceNSW ਨੂੰ ਵੀ ਕੀਤਾ ਜਾ ਸਕਦਾ ਹੈ। ਲੋਕਾਂ ਨੂੰ ਉਸ ਜਾਣਕਾਰੀ ਤੱਕ ਪਹੁੰਚ ਕਰਨ ਦਾ ਕਾਨੂੰਨੀ ਅਧਿਕਾਰ ਹੁੰਦਾ ਹੈ ਜੋ ਕੋਈ ਸਰਕਾਰੀ ਏਜੰਸੀ ਉਨ੍ਹਾਂ ਬਾਰੇ ਰੱਖਦੀ ਹੈ। ਵਧੇਰੇ ਜਾਣਕਾਰੀ ਲਈ www.pathology.health.nsw.gov.au/about-us/privacy 'ਤੇ ਜਾਓ। NSWHP ਦੁਆਰਾ ਬੇਨਤੀ ਕੀਤੀ ਜਾ ਰਹੀ ਜਾਣਕਾਰੀ ਪੂਰੀ ਤਰ੍ਹਾਂ, ਜਾਂ ਉਸਦਾ ਕੁਝ ਹਿੱਸਾ ਪ੍ਰਦਾਨ ਨਾ ਕਰਨ ਦੇ ਸੰਭਾਵੀ ਨਤੀਜੇ ਵਜੋਂ ਇਹ ਹੋ ਸਕਦਾ ਹੈ ਕਿ ਮਰੀਜ਼ਾਂ ਨੂੰ ਉਨ੍ਹਾਂ ਦੇ ਟੈਸਟ ਦੇ ਨਤੀਜੇ ਪ੍ਰਦਾਨ ਨਾ ਕੀਤੇ ਜਾ ਸਕਣ।